ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐੱਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜ਼ਿਲ, ਫੇਜ਼-8, ਮੋਹਾਲੀ,

ਈ ਮੇਲ: director scert@punjabeducation.gov.in, ਫੋਨ ਨੰ: 0172-2212221

Azadi Ka Amrit Mahotsav

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ. ਅਤੇ ਐ.ਸਿ.),
ਸਮੂਹ ਡਾਇਟ ਪ੍ਰਿੰਸੀਪਲਜ਼,
ਪੰਜਾਬ।

ਮੀਮੋ ਨੰ. SCERT/QP/UP/2023 178370 ਮਿਤੀ:- 28-6-2023

**ਵਿਸ਼ਾ : ਮਿਤੀ 03-07-2023 ਤੋਂ 15-07-2023 ਤੱਕ ਚੱਲ ਰਹੇ 'ਸਮਰ ਕੈਂਪ' ਨੂੰ ਮੁਨੀਟਰ ਕਰਨ ਸੰਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਸਰਕਾਰੀ ਸਕੂਲਾਂ ਪੜ੍ਹਦੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਦੇ ਉਦੇਸ਼ ਨੂੰ ਪੂਰਾ ਕਰਨ ਲਈ ਸਮੂਹ ਸਰਕਾਰੀ ਸਕੂਲਾਂ ਵਿੱਚ 03-07-2023 ਤੋਂ 15-07-2023 ਤੱਕ 'ਸਮਰ ਕੈਂਪ' ਲਗਾਏ ਜਾ ਰਹੇ ਹਨ। ਇਸ 'ਸਮਰ ਕੈਂਪ' ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਵੱਖ-ਵੱਖ ਪੱਧਰ ਦੇ ਅਧਿਕਾਰੀਆਂ ਵੱਲੋਂ 'ਸਮਰ ਕੈਂਪ' ਨੂੰ ਵਿਜ਼ਿਟ ਕੀਤਾ ਜਾਣਾ ਹੈ। ਇਸ ਸੰਬੰਧ ਵਿੱਚ ਹੇਠ ਅਨੁਸਾਰ ਦਿਸ਼ਾ-ਨਿਰਦੇਸ਼ ਹਨ:

2.1 'ਸਮਰ ਕੈਂਪ' ਦੌਰਾਨ ਵਿਜ਼ਿਟ ਕਰਨ ਵਾਲੇ ਅਧਿਕਾਰੀਆਂ/ਅਧਿਆਪਕਾਂ ਦਾ ਵੇਰਵਾ :

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ. ਅਤੇ ਐ.ਸਿ.)
2. ਸਮੂਹ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ. ਅਤੇ ਐ.ਸਿ.)
3. ਡਾਇਟ ਪ੍ਰਿੰਸੀਪਲ
4. ਬੀ.ਐੱਨ.ਓਜ਼ / ਬੀ.ਪੀ.ਈ.ਓਜ਼
5. ਕਲੱਸਟਰ ਇੰਚਾਰਜ (ਪ੍ਰਿੰਸੀਪਲ)
6. ਸੀ.ਐੱਚ. ਟੀਜ਼

2.2 ਉਪਰੋਕਤ ਸਮੂਹ ਅਧਿਕਾਰੀਆਂ ਦੁਆਰਾ ਸਕੂਲਾਂ ਵਿੱਚ ਵਿਜ਼ਿਟ ਕਰਕੇ 'ਸਮਰ ਕੈਂਪ' ਦੀਆਂ ਗਤੀਵਿਧੀਆਂ ਨੂੰ ਮੁਨੀਟਰ ਕੀਤਾ ਜਾਵੇਗਾ ਅਤੇ ਵਿਜ਼ਿਟ ਕੀਤੇ ਸਕੂਲ ਸੰਬੰਧੀ ਆਪਣੀਆਂ ਅਬਜ਼ਰਵੇਸ਼ਨਜ਼ ਨੂੰ ਨਿਰਧਾਰਿਤ ਪ੍ਰੋਫਾਰਮੇ ਵਿੱਚ ਭਰਿਆ ਜਾਵੇਗਾ।

2.3 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ. ਅਤੇ ਐ.ਸਿ.) ਜ਼ਿਲ੍ਹਾ ਪੱਧਰ 'ਤੇ ਇਸ ਤਰੀਕੇ ਨਾਲ ਮੁਨੀਟਰਿੰਗ ਦੀ ਯੋਜਨਾਬੰਦੀ ਕਰਨਗੇ ਅਤੇ ਅਧਿਕਾਰੀਆਂ ਨੂੰ ਵਿਜ਼ਿਟ ਕਰਨ ਲਈ ਸਕੂਲ ਅਲਾਟ ਕਰਨਗੇ ਤਾਂ ਜੋ 'ਸਮਰ ਕੈਂਪ' ਦੌਰਾਨ 100% ਸਕੂਲਾਂ ਨੂੰ ਵਿਜ਼ਿਟ ਕੀਤਾ ਜਾ ਸਕੇ।

2.4 'ਸਮਰ ਕੈਂਪ' ਨੂੰ ਮੁਨੀਟਰ ਕਰਨ ਲਈ ਮੁੱਖ ਦਫ਼ਤਰ ਦੇ ਅਧਿਕਾਰੀਆਂ ਵੱਲੋਂ ਵੀ ਸਕੂਲਾਂ ਨੂੰ ਵਿਜ਼ਿਟ ਕੀਤਾ ਜਾਵੇਗਾ।

3.0 ਉਪਰੋਕਤ ਦਿਸ਼ਾ-ਨਿਰਦੇਸ਼ਾਂ ਅਨੁਸਾਰ 'ਸਮਰ ਕੈਂਪ' ਦੀ ਮੁਨੀਟਰਿੰਗ ਨੂੰ ਸਹੀ ਢੰਗ ਨਾਲ ਕਰਨਾ ਯਕੀਨੀ ਬਣਾਇਆ ਜਾਵੇ।

**ਡਾਇਰੈਕਟਰ**
**ਐੱਸ.ਸੀ.ਈ.ਆਰ.ਟੀ., ਪੰਜਾਬ**

Scanned with OKEN Scanner